PUNJABI

NHS
Blood and Transplant

# ਕੀ ਅਸੀਂ ਤੁਹਾਡੇ ’ਤੇ ਨਿਰਭਰ ਕਰ ਸਕਦੇ ਹਾਂ?

ਅੰਗਦਾਨ ਕਰਨ ਬਾਰੇ
ਦੱਖਣੀ ਏਸ਼ੀਅਨ ਲੋਕਾਂ
ਨੂੰ ਦੱਸਣ ਲਈ ਕੁਝ
ਸੱਚੀਆਂ ਗੱਲਾਂ



www.organdonation.nhs.uk/southasiancampaign

**0300 123 23 23**

# ਅਸੀਂ ਤੁਹਾਡੇ ’ਤੇ ਨਿਰਭਰ ਕਿਉਂ ਹਾਂ!

ਹੈਲੋ, ਮੈਂ ਨੀਨਾ ਵਾਡੀਆ ਹਾਂ। ਮੈਂ ਕਾਮੇਡੀ ਐਕਰੇੱਸ ਦੇ ਤੌਰ ’ਤੇ ਵੱਧ ਜਾਣੀ ਜਾਂਦੀ ਹਾਂ, ਪਰ ਇਸ ਵੇਲੇ ਮੈਂ ਤੁਹਾਡੇ ਨਾਲ ਅਜਿਹੀ ਗੱਲ ਕਰਨਾ ਚਾਹੁੰਦੀ ਹਾਂ ਜੋ ਹਾਸੇ ਮਜ਼ਾਕ ਵਾਲੀ ਗੱਲ ਬਿਲਕੁਲ ਨਹੀਂ ਹੈ - ਇਹ ਗੱਲ ਹੈ ਅੰਗਦਾਨ ਕਰਨਾ।

ਹੋ ਸਕਦਾ ਹੈ ਕਿ ਤੁਸੀਂ ਇਹ ਕਦੇ ਸੋਚਿਆ ਵੀ ਨਾ ਹੋਵੇ ਕਿ ਅੰਗਦਾਨ ਦਾ ਤੁਹਾਡੇ ’ਤੇ ਕੋਈ ਅਸਰ ਪੈ ਸਕਦਾ ਹੈ। ਪਰ ਏਸ਼ੀਅਨ ਹੋਣ ਕਰਕੇ, ਗੁਰਦੇ ਬਦਲਾਉਣ ਦੀ ਲੋੜ ਸਾਨੂੰ ਹੋਰ ਲੋਕਾਂ ਨਾਲੋਂ ਘੱਟੋ ਘੱਟ ਤਿੰਨ ਗੁਣਾ ਵੱਧ ਹੋ ਸਕਦੀ ਹੈ। ਇਹਦਾ ਕਾਰਣ ਇਹ ਹੈ ਕਿ ਸਾਨੂੰ ਡਾਇਬਿਟੀਜ਼, ਗੁਰਦੇ ਦੀ ਖ਼ਰਾਬੀ ਅਤੇ ਦਿਲ ਦਾ ਰੋਗ ਹੋ ਜਾਣ ਦੀ ਸੰਭਾਵਨਾ ਹੋਰਨਾਂ ਨਾਲੋਂ ਵੱਧ ਹੈ, ਅਤੇ ਇਹਨਾਂ ਰੋਗਾਂ ਕਾਰਣ ਸਰੀਰ ਦੇ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ।

ਗੱਲ ਇੱਥੇ ਹੀ ਨਹੀਂ ਮੁੱਕਦੀ। ਦਾਨ ਕੀਤੇ ਗਏ ਅੰਗਾਂ ਨੂੰ ਬੜੇ ਧਿਆਨ ਨਾਲ ਅੰਗਦਾਨ ਲੈਣ ਵਾਲੇ ਦੇ ਸਰੀਰ ਦੇ ਨਾਲ ਮੇਲ ਕੇ ਦੇਖਣਾ ਪੈਂਦਾ ਹੈ ਕਿ ਖ਼ੂਨ ਅਤੇ ਸਰੀਰ ਦੇ ਹੋਰ ਹਿੱਸੇ ਇਸ ਅੰਗ ਨਾਲ ਮੇਲ ਖਾਂਦੇ ਹੋਣ। ਪਰ ਏਸ਼ੀਅਨ ਕਮਿਉਨਿਟੀਆਂ ਵਿਚ ਅੰਗਦਾਨ ਕਰਨ ਵਾਲਿਆਂ ਦੀ ਬਹੁਤ ਘਾਟ ਹੈ।

ਇਹਦਾ ਮਤਲਬ ਹੈ ਕਿ ਗੁਰਦਾ ਬਦਲਵਾਉਣ ਲਈ ਏਸ਼ੀਅਨ ਲੋਕਾਂ ਨੂੰ ਗੋਰਿਆਂ ਨਾਲੋਂ ਔਸਤਨ ਦੁੱਗਣਾ ਸਮਾਂ ਉਡੀਕ ਕਰਨੀ ਪੈਂਦੀ ਹੈ।

ਇਸ ਵੇਲੇ, ਯੂ ਕੇ ਵਿਚ ਲੱਗਭਗ 1,492 ਏਸ਼ੀਅਨ ਲੋਕ ਗੁਰਦਾ ਬਦਲਾਉਣ ਦੀ ਉਡੀਕ ਕਰ ਰਹੇ ਹਨ, ਜਿਹਨਾਂ ਵਿਚ ਕੁਝ ਛੋਟੇ ਬੱਚੇ ਵੀ ਹਨ। ਇਹਨਾਂ ਵਿਚੋਂ ਕੁਝ ਉਡੀਕਦਿਆਂ ਹੋਇਆਂ ਹੀ ਸੰਸਾਰ ਤੋਂ ਕੂਚ ਕਰ ਜਾਣਗੇ - ਇਹ ਕੋਈ ਮਜ਼ਾਕ ਵਾਲੀ ਗੱਲ ਨਹੀਂ ਹੈ।



ਨੀਨਾ ਵਾਡੀਆ, ਕਾਮੇਡੀ ਕਲਾਕਾਰਾ

# ਤੁਸੀਂ ਜੀਵਨ-ਰੱਖਿਅਕ ਕਿਵੇਂ ਬਣ ਸਕਦੇ ਹੋ

ਤੁਸੀਂ ਐਨ ਐੱਚ ਐੱਸ ਦੇ ਅੰਗਦਾਨ ਕਰਨ ਵਾਲਿਆਂ ਦੇ ਰਜਿਸਟਰ ਵਿਚ ਆਪਣਾ ਨਾਂ ਦਰਜ ਕਰਵਾ ਕੇ ਕਿਸੇ ਨੂੰ ਜ਼ਿੰਦਗੀ ਦਾ ਤੋਹਫ਼ਾ ਦੇ ਸਕਦੇ ਹੋ ਅਤੇ ਆਪਣੇ ਭਾਈਚਾਰੇ ਦਾ ਭਲਾ ਕਰ ਸਕਦੇ ਹੋ। ਇਸ ਰਜਿਸਟਰ ਵਿਚ ਪੂਰੇ ਦੇਸ਼ ਵਿਚਲੇ ਉਹਨਾਂ ਲੋਕਾਂ ਦੇ ਨਾਂ ਦਰਜ ਹੁੰਦੇ ਹਨ ਜੋ ਆਪਣੀ ਮੌਤ ਤੋਂ ਬਾਅਦ ਆਪਣੇ ਅੰਗ ਦਾਨ ਕਰਨ ਲਈ ਤਿਆਰ ਹਨ।

ਜੇ ਤੁਸੀਂ ਇਸ ਰਜਿਸਟਰ ਵਿਚ ਸ਼ਾਮਿਲ ਹੋਵੋਗੇ, ਤਾਂ ਇਹਦਾ ਮਤਲਬ ਇਹ ਹੋਏਗਾ ਕਿ ਤੁਹਾਡੀ ਮੌਤ ਹੋਣ ਮਗਰੋਂ ਤੁਹਾਡੇ ਗੁਰਦਿਆਂ, ਦਿਲ, ਜਾਂ ਜਿਗਰ ਵਰਗੇ ਅੰਗ ਕਿਸੇ ਹੋਰ ਨੂੰ ਜ਼ਿੰਦਗੀ ਦੇਣ ਲਈ ਵਰਤੇ ਜਾ ਸਕਣਗੇ।

ਅੰਗ ਖ਼ਰਾਬ ਹੋ ਜਾਣ ਵਾਲੇ ਏਸ਼ੀਅਨ ਲੋਕਾਂ ਦੀ ਗਿਣਤੀ ਹੌਲੀ ਹੌਲੀ ਵਧ ਰਹੀ ਹੈ, ਇਸ ਕਰਕੇ ਹੁਣ ਪਹਿਲਾਂ ਨਾਲੋਂ ਵੀ ਵੱਧ ਅੰਗਦਾਨੀਆਂ ਦੀ ਲੋੜ ਹੈ।

ਸਾਡੇ ਭਾਈਚਾਰੇ ਨੂੰ ਵੱਧ ਖ਼ਤਰਾ ਹੈ, ਇਸ ਕਰਕੇ ਸਾਨੂੰ ਹੁਣੇ ਕੁਝ ਕਰਨ ਦੀ ਲੋੜ ਹੈ।

ਅੰਗਦਾਨੀ ਬਣਨ ਦੀ ਆਪਣੀ ਇੱਛਾ ਬਾਰੇ ਆਪਣੇ ਪਰਿਵਾਰ ਨਾਲ ਗੱਲ ਕਰੋ, ਅਤੇ ਕਿਰਪਾ ਕਰਕੇ ਅੱਜ ਹੀ ਐਨ ਐੱਚ ਐੱਸ ਦੇ ਅੰਗਦਾਨੀਆਂ ਵਾਲੇ ਰਜਿਸਟਰ ਵਿਚ ਸ਼ਾਮਿਲ ਹੋ ਜਾਓ।

**ਕੀ ਅਸੀਂ ਤੁਹਾਡੇ ’ਤੇ ਨਿਰਭਰ ਕਰ ਸਕਦੇ ਹਾਂ ਕਿ ਤੁਸੀਂ ਕਿਸੇ ਦੀ ਜ਼ਿੰਦਗੀ ਬਚਾਉਣ ਵਾਲੇ ਬਣੋਗੇ?**

ਆਸਿਫ਼ ਖ਼ਾਨ, ਐਕਟਰ



# ਕਿਸੇ ਲਈ ਉਹਦਾ ਭਵਿੱਖ ਛੱਡ ਜਾਓ

ਖ਼ੁਦ ਮਰਨ ਮਗਰੋਂ ਕਿਸੇ ਹੋਰ ਨੂੰ ਜੀਉਣ ਵਿਚ ਮਦਦ ਦੇਣ ਦਾ ਫ਼ੈਸਲਾ ਤੁਹਾਡਾ ਪੂਰੀ ਤਰ੍ਹਾਂ ਨਿਜੀ ਫ਼ੈਸਲਾ ਹੈ, ਅਤੇ ਇਹ ਜ਼ਰੂਰੀ ਹੈ ਕਿ ਹਰ ਵਿਅਕਤੀ ਇਹ ਫ਼ੈਸਲਾ ਖ਼ੁਦ ਕਰੇ।

ਭਾਵੇਂ ਤੁਹਾਡੇ ਕੋਲ ਡੋਨਰ ਕਾਰਡ (ਅੰਗਦਾਨ ਕਰਨ ਵਾਲਾ ਕਾਰਡ) ਪਹਿਲਾਂ ਵੀ ਹੈ, ਤਦ ਵੀ ਤੁਹਾਨੂੰ ਐਨ ਐੱਚ ਐੱਸ ਦੇ ਅੰਗਦਾਨ ਕਰਨ ਵਾਲਿਆਂ ਦੇ ਰਜਿਸਟਰ ਵਿਚ ਸ਼ਾਮਿਲ ਹੋ ਕੇ ਆਪਣੀਆਂ ਇੱਛਾਵਾਂ ਯਕੀਨੀ ਤੌਰ ’ਤੇ ਦਰਜ ਕਰਵਾ ਲੈਣੀਆਂ ਚਾਹੀਦੀਆਂ ਹਨ। ਇਸ ਫ਼ੈਸਲੇ ਬਾਰੇ ਆਪਣੇ ਨਜ਼ਦੀਕੀ ਲੋਕਾਂ ਨਾਲ ਵਿਚਾਰ ਕਰੋ ਜਿਹਨਾਂ ਨੂੰ ਸਮਾਂ ਆਉਣ ’ਤੇ ਤੁਹਾਡੀਆਂ ਇੱਛਾਵਾਂ ਬਾਰੇ ਪਤਾ ਹੋਵੇ।

ਰਜਿਸਟਰ ਵਿਚ ਸ਼ਾਮਿਲ ਹੋਣ ਨਾਲ, ਤੁਸੀਂ ਆਪਣੀ ਰਜ਼ਾਮੰਦੀ ਦੱਸੋਗੇ ਕਿ ਕਿ ਤੁਹਾਡੀ ਮੌਤ ਤੋਂ ਬਾਅਦ ਤੁਹਾਡੇ ਅੰਗਾਂ ਅਤੇ ਸਰੀਰ ਦੇ ਹਿੱਸਿਆਂ ਦੀ ਵਰਤੋਂ ਹੋਰ ਲੋਕਾਂ ਦੀ ਜ਼ਿੰਦਗੀ ਬਚਾਉਣ ਜਾਂ ਬਿਹਤਰ ਬਣਾਉਣ ਲਈ ਕੀਤੀ ਜਾ ਸਕਦੀ ਹੈ।

ਤੁਹਾਡਾ ਨਾਂ ਰਜਿਸਟਰ ਵਿਚ ਦਰਜ ਕਰਵਾਉਣ ਨੂੰ ਕੁਝ ਹੀ ਮਿੰਟ ਲੱਗਣਗੇ। ਪਰ ਇਹਦੇ ਨਾਲ ਕਿਸੇ ਦੀ ਜਾਨ ਬਚ ਸਕਦੀ ਹੈ।

**ਰਜਿਸਟਰ ਵਿਚ ਸ਼ਾਮਿਲ ਹੋਣ ਦਾ ਢੰਗ**

- **ਇਸ ਵੈੱਬਸਾਈਟ ’ਤੇ ਔਨਲਾਈਨ ਰਜਿਸਟਰ ਹੋਵੋ www.organdonation.nhs.uk/register**
- **ਔਰਗਨ ਡੋਨਰ ਲਾਈਨ ਨੂੰ ਇਸ ਨੰਬਰ ’ਤੇ ਫ਼ੋਨ ਕਰੋ 0300 123 23 23**

# ਅੰਗਦਾਨ ਕੀ ਹੈ?

ਅੰਗਦਾਨ ਦਾ ਮਤਲਬ ਹੈ ਆਪਣੇ ਕਿਸੇ ਅੰਗ ਦਾ ਤੋਹਫ਼ਾ ਕਿਸੇ ਨੂੰ ਦੇਣਾ ਜਿਹਨੂੰ ਅੰਗ ਬਦਲਵਾਉਣ ਦੀ ਲੋੜ ਹੈ। ਅੰਗਦਾਨ ਕਰਨ ਵਾਲਿਆਂ ਦੀ ਮਿਹਰਬਾਨੀ ਨਾਲ ਹਰ ਸਾਲ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਬਚਦੀ ਹੈ।

ਇਕ ਅੰਗਦਾਨੀ ਕਈ ਲੋਕਾਂ ਦੀਆਂ ਜ਼ਿੰਦਗੀਆਂ ਬਚਾ ਸਕਦਾ/ਸਕਦੀ ਹੈ ਅਤੇ ਦੋ ਜਾਂ ਵੱਧ ਲੋਕਾਂ ਦੀਆਂ ਅੱਖਾਂ ਦੀ ਰੋਸ਼ਨੀ ਵਾਪਸ ਲਿਆ ਸਕਦਾ/ਸਕਦੀ ਹੈ।

ਮਰਨ ਮਗਰੋਂ ਜਿਹਨਾਂ ਅੰਗਾਂ ਦਾ ਦਾਨ ਕੀਤਾ ਜਾ ਸਕਦਾ ਹੈ, ਉਹਨਾਂ ਵਿਚ ਦਿਲ, ਫੇਫੜੇ, ਗੁਰਦੇ, ਜਿਗਰ, ਪਾਚਨ-ਗ੍ਰੰਥੀ ਅਤੇ ਛੋਟੀ ਆਂਤੜੀ ਸਾਮਿਲ ਹਨ। ਹੋਰਨਾਂ ਦੀ ਮਦਦ ਕਰਨ ਲਈ ਚਮੜੀ, ਹੱਡੀਆਂ, ਦਿਲ ਦੇ ਵਾਲਵ, ਅਤੇ ਅੱਖਾਂ ਵਰਗੇ ਸਰੀਰ ਦੇ ਹਿੱਸੇ ਵੀ ਦਾਨ ਕੀਤੇ ਜਾ ਸਕਦੇ ਹਨ।

ਤੁਹਾਨੂੰ ਅੰਗਦਾਨੀ ਬਣਨ ਨਾਲੋਂ ਵੱਧ ਲੋੜ ਅੰਗਦਾਨ ਲੈਣ ਵਾਲਾ/ਵਾਲੀ ਬਣਨ ਦੀ ਹੋ ਸਕਦੀ ਹੈ। ਕਿਉਂਕਿ ਅੰਗਦਾਨੀ ਦੇ ਮਰਨ ਤੋਂ ਬਾਅਦ ਅੰਗਾਂ ਦੀ ਵਰਤੋਂ ਬਹੁਤ ਛੇਤੀ ਕਰਨੀ ਪੈਂਦੀ ਹੈ, ਇਸ ਕਰਕੇ ਇਹਨਾਂ ਦਾ ਦਾਨ ਸਿਰਫ਼ ਹਸਪਤਾਲ ਵਿਚ ਮਰਨ ਵਾਲੇ ਕਰ ਸਕਦੇ ਹਨ।

ਦਾਨ ਕੀਤੇ ਜ਼ਿਆਦਾਤਰ ਅੰਗ ਉਹਨਾਂ ਲੋਕਾਂ ਦੇ ਹੁੰਦੇ ਹਨ ਜੋ ਦਿਮਾਗ਼ ਦੇ ਹੇਠਲੇ ਹਿੱਸੇ ਦੀ ਗੰਭੀਰ ਸੱਟ ਚੋਟ ਤੋਂ ਬਾਅਦ ਕਿਸੇ ਹਸਪਤਾਲ ਦੇ ਇੰਟੈਂਸਿਵ ਕੇਅਰ ਯੂਨਿਟ ਵਿਚ ਵੈਂਟੀਲੇਟਰ ’ਤੇ ਮਰਦੇ ਹਨ। ਦਿਮਾਗ਼ ਦੀ ਅਜਿਹੀ ਸੱਟ ਦਿਮਾਗ਼ ਦੇ ਜ਼ਿੰਦਗੀ ਚਾਲੂ ਰੱਖਣ ਵਾਲੇ ਹਿੱਸਿਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਹਨਾਂ ਹਿੱਸਿਆਂ ਦੇ ਨਸ਼ਟ ਹੋਣ ਮਗਰੋਂ ਕੋਈ ਵੀ ਜੀਉਂਦਾ ਨਹੀਂ ਰਹਿ ਸਕਦਾ।

ਡਾਕਟਰ ਅਤੇ ਨਰਸਾਂ ਜ਼ਿੰਦਗੀ ਬਚਾਉਣ ਲਈ ਹਰ ਯਤਨ ਕਰਨ ਲਈ ਵਚਨ-ਬੱਧ ਹੁੰਦੇ ਹਨ, ਅਤੇ ਜਦ ਜ਼ਿੰਦਗੀ ਬਚਾਉਣ ਦੇ ਸਾਰੇ ਯਤਨ ਨਾਕਾਮ ਹੋ ਜਾਣ ਅਤੇ ਡਾਕਟਰਾਂ ਦੀ ਸੁਤੰਤਰ ਟੀਮ ਕਿਸੇ ਦੀ ਮੌਤ ਦਾ ਪ੍ਰਮਾਣ ਦੇ ਦੇਵੇ, ਤਦ ਹੀ ਅੰਗਦਾਨ ਬਾਰੇ ਵਿਚਾਰ ਕੀਤਾ ਜਾਂਦਾ ਹੈ।

## ਫ਼ੈਸਲਾ ਕਰਨਾ ਤੁਹਾਡਾ ਕੰਮ ਹੈ

ਕੁਝ ਲੋਕ ਸਮਝਦੇ ਹਨ ਕਿ ਉਹਨਾਂ ਦੇ ਧਰਮ ਵਿਚ ਅੰਗਦਾਨ ਕਰਨਾ ਮਨ੍ਹਾਂ ਹੈ, ਪਰ ਯੂ ਕੇ ਵਿਚ ਸਭ ਵੱਡੇ ਧਰਮ ਅੰਗਦਾਨ ਅਤੇ ਅੰਗ ਬਦਲਵਾਉਣ ਦੇ ਅਸੂਲਾਂ ਦਾ ਸਮਰਥਨ ਕਰਦੇ ਹਨ। ਹਰ ਧਰਮ ਵਿਚ ਕਈ ਫ਼ਿਰਕੇ ਹੁੰਦੇ ਹਨ, ਜਿਹਦਾ ਮਤਲਬ ਹੈ ਕਿ ਉਹਨਾਂ ਦੇ ਵਿਚਾਰ ਵੱਖ ਵੱਖ ਹੋ ਸਕਦੇ ਹਨ, ਪਰ ਸਭ ਵੱਡੇ ਧਰਮ ਮੰਨਦੇ ਹਨ ਕਿ ਅੰਗਦਾਨ ਕਰਨ ਦਾ ਫ਼ੈਸਲਾ ਹਰ ਵਿਅਤਕੀ ਨੂੰ ਖ਼ੁਦ ਕਰਨਾ ਚਾਹੀਦਾ ਹੈ।

## ਮਾਰੀਆਹ ਦੀ ਕਹਾਣੀ

"ਜਦ ਮਾਰੀਆਹ ਦੀ ਉਮਰ ਅੱਠ ਸਾਲ ਸੀ, ਤਾਂ ਉਹਦੇ ਦੋਹਾਂ ਗੁਰਦਿਆਂ ਨੇ ਕੰਮ ਕਰਨਾ ਬੰਦ ਕਰ ਦਿੱਤਾ। ਜਿਸ ਨੌਜਵਾਨ ਔਰਤ ਨੇ ਗੁਰਦੇ ਦੇ ਕੇ ਮਾਰੀਆਹ ਨੂੰ ਫਿਰ ਤੋਂ ਭਵਿੱਖ ਦਿੱਤਾ ਉਹਦੇ ਲਈ ਆਪਣਾ ਧੰਨਵਾਦ ਅਸੀਂ ਸ਼ਬਦਾਂ ਰਾਹੀਂ ਪ੍ਰਗਟ ਨਹੀਂ ਕਰ ਸਕਦੇ।"

- ਮਿਸਟਰ ਰਸ਼ੀਦ, ਰੌਦਰਹਮ ਤੋਂ ਮਾਰੀਆਹ ਦਾ ਪਿਤਾ।

## ਦਲਜੀਤ ਦੀ ਕਹਾਣੀ

"ਗੁਰਦੇ ਫ਼ੇਲ ਹੋਣ ਨਾਲ ਮੇਰੀ ਜ਼ਿੰਦਗੀ ਦਸ ਸਾਲ ਲਟਕੀ ਰਹੀ। ਹੁਣ ਮੇਰੀ ਤਬੀਅਤ ਇੰਨੀ ਚੰਗੀ ਹੈ ਜਿੰਨੀ ਪਹਿਲਾਂ ਕਦੇ ਵੀ ਨਹੀਂ ਸੀ, ਅਤੇ ਇਹ ਮੁਮਕਿਨ ਬਣਾਉਣ ਲਈ ਮੈਂ ਅੰਗਦਾਨੀ ਅਤੇ ਉਹਦੇ ਪਰਿਵਾਰ ਦਾ ਬਹੁਤ ਹੀ ਧੰਨਵਾਦੀ ਹਾਂ,"

- ਦਲਜੀਤ, ਮਿਡਲਸੈਕਸ ਤੋਂ

## ਮਹਿਮੂਦ ਦੀ ਕਹਾਣੀ

"ਮੇਰੀ ਪਤਨੀ ਦੀ 32 ਸਾਲ ਦੀ ਉਮਰ ਵਿਚ ਅਚਾਨਕ ਮੌਤ ਹੋ ਗਈ। ਕਿਉਂਕਿ ਅਸੀਂ ਅੰਗਦਾਨ ਬਾਰੇ ਪਹਿਲਾਂ ਹੀ ਵਿਚਾਰ ਕੀਤਾ ਹੋਇਆ ਸੀ, ਇਸ ਕਰਕੇ ਮੈਨੂੰ ਉਹਦੇ ਅੰਗਦਾਨ ਕਰਨ ਦਾ ਫ਼ੈਸਲਾ ਕਰਨ ਦਾ ਵਾਧੂ ਦੁੱਖ ਨਹੀਂ ਝੱਲਣਾ ਪਿਆ।

ਉਹਦੀ ਬੇਗਰਜ਼ ਮਿਹਰਬਾਨੀ ਸਦਕੇ ਉਹਦੇ ਅੰਗਾਂ ਨਾਲ ਇਕ ਛੋਟੇ ਮੁੰਡੇ ਸਮੇਤ ਚਾਰ ਲੋਕਾਂ ਨੂੰ ਫ਼ਾਇਦਾ ਹੋਇਆ।"

- ਮਹਿਮੂਦ ਨਵਾਜ਼, ਲੀਡਜ਼ ਤੋਂ

# ਵਧੇਰੇ ਜਾਣਕਾਰੀ

ਇਸ ਪਰਚੇ ਦੇ ਹੇਠ ਲਿਖੀਆਂ ਹੋਰ ਭਾਸ਼ਾਵਾਂ ਵਿਚ ਤਰਜਮੇ ਸਾਡੀ ਵੈੱਬਸਾਈਟ 'ਤੇ ਪੜ੍ਹੇ ਜਾ ਸਕਦੇ ਹਨ:
ਬੰਗਾਲੀ, ਗੁਜਰਾਤੀ, ਹਿੰਦੀ ਅਤੇ ਉਰਦੂ।

ਅੰਗਦਾਨ ਬਾਰੇ ਧਾਰਮਿਕ ਵਿਸ਼ਵਾਸਾਂ ਬਾਰੇ ਸਾਡਾ ਪਰਚਾ ਪੜ੍ਹੋ। ਇਹ ਪਰਚਾ ਵੀ ਸਾਡੀ ਵੈੱਬਸਾਈਟ 'ਤੇ ਪੜ੍ਹਿਆ ਕਾ ਸਕਦਾ ਹੈ ਜਾਂ ਔਰਗਨ ਡੋਨਰ ਲਾਈਨ ਤੋਂ ਮੰਗਵਾਇਆ ਜਾ ਸਕਦਾ ਹੈ।

ਅੰਗਦਾਨ ਬਾਰੇ ਹੋਰ ਜਾਣਕਾਰੀ ਲੈਣ ਲਈ ਜਾਂ ਐਨ ਐੱਚ ਐੱਸ ਦੇ ਅੰਗਦਾਨ ਰਜਿਸਟਰ ਵਿਚ ਸ਼ਾਮਿਲ ਹੋਣ ਲਈ:
**ਔਰਗਨ ਡੋਨਰ ਲਾਈਨ (Organ Donor Line) ਨੂੰ ਇਸ ਨੰਬਰ 'ਤੇ ਫ਼ੋਨ ਕਰੋ:**
**0300 123 23 23**

**ਜਾਂ ਇਸ ਵੈੱਬਸਾਈਟ 'ਤੇ ਜਾਓ**
**www.organdonation.nhs.uk/southasiancampaign**

*ਇਸ ਪਰਚੇ ਵਿਚ ਦਿੱਤੀ ਜਾਣਕਾਰੀ ਯੂ ਕੇ ਟ੍ਰਾਂਸਪਲਾਂਟ ਨੇ ਤਿਆਰ ਕੀਤੀ ਹੈ।*

*NHSBT © 2009*

*ਯੂ ਕੇ ਟ੍ਰਾਂਸਪਲਾਂਟ ਐਨ ਐੱਚ ਐੱਸ ਬਲੱਡ ਐਂਡ ਟ੍ਰਾਂਸਪਲਾਂਟ ਦਾ ਹਿੱਸਾ ਹੈ।*